# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043244

ਵੱਲ :

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।
2. ਸਮੂਹ ਸਰਕਾਰੀ ਹਾਈ/ਸੀਨੀ. ਸੈਕੰ. ਸਕੂਲਾਂ ਦੇ ਮੁੱਖੀ
   (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2012/R006413-13
ਮਿਤੀ, ਚੰਡੀਗੜ੍ਹ : 06-11-2012

ਵਿਸ਼ਾ : ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ 9ਵੀ-10ਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਟੂਰ ਤੇ ਲੈ ਜਾਣ ਸੰਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਰਮਸਅ ਪੰਜਾਬ ਦੇ ਸਾਲਾਨਾ ਵਰਕ ਪਲਾਨ ਤੇ ਬਜਟ 2012-13 ਤਹਿਤ ਰਾਜ ਦੇ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ 9ਵੀਂ-10ਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਵਿੱਦਿਅਕ ਟੂਰ ਤੇ ਲੈ ਕੇ ਜਾਣ ਲਈ 200/- ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਮਨਜ਼ੂਰ ਕੀਤੇ ਹਨ।ਇਸ ਸੰਬੰਧੀ ਐਮ.ਐਚ.ਆਰ.ਡੀ. ਵੱਲੋਂ ਪ੍ਰਾਪਤ ਪਹਿਲੀ ਕਿਸਤ ਅਨੁਸਾਰ 1 ਲੱਖ ਵਿਦਿਆਰਥੀਆਂ ਨੂੰ ਵਿੱਦਿਅਕ ਟੂਰਾਂ 'ਤੇ ਲੈ ਕੇ ਜਾਣ ਲਈ ਰੁਪਏ 200/- ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਕੁੱਲ ਰੁਪਏ 200.00 ਲੱਖ ਦੀ ਰਾਸ਼ੀ ਹੇਠ ਲਿਖੇ ਅਨੁਸਾਰ ਜ਼ਿਲ੍ਹਾ-ਵਾਇਜ਼ ਜਾਰੀ ਕੀਤੀ ਜਾ ਰਹੀ ਹੈ :

| ਲੜੀ ਨੰ: | ਜ਼ਿਲ੍ਹਾ | ਟੂਰ 'ਤੇ ਭੇਜੇ ਜਾਣ ਲਈ ਵਿਦਿਆਰਥੀਆਂ ਦੀ ਜ਼ਿਲ੍ਹਵਾਇਜ਼ ਗਿਣਤੀ | 200/- ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਜ਼ਿਲ੍ਹਾਵਾਰ ਜਾਰੀ ਕੀਤੀ ਜਾਣ ਵਾਲੀ ਕੁੱਲ ਰਾਸ਼ੀ |
|---|---|---|---|
| 1 | ਅੰਮ੍ਰਿਤਸਰ | 8062 | 1612400 |
| 2 | ਬਰਨਾਲਾ | 2658 | 531600 |
| 3 | ਬਠਿੰਡਾ | 5241 | 1048000 |
| 4 | ਫਰੀਦਕੋਟ | 2248 | 449400 |
| 5 | ਫਤਹਿਗੜ੍ਹ ਸਾਹਿਬ | 2468 | 493600 |
| 6 | ਫਿਰੋਜ਼ਪੁਰ | 6339 | 1267600 |
| 7 | ਗੁਰਦਾਸਪੁਰ | 10814 | 2163800 |
| 8 | ਹੁਸ਼ਿਆਰਪੁਰ | 6959 | 1391800 |
| 9 | ਜਲੰਧਰ | 6328 | 1265400 |
| 10 | ਕਪੂਰਥਲਾ | 2620 | 524000 |
| 11 | ਲੁਧਿਆਣਾ | 9230 | 1845800 |
| 12 | ਮਾਨਸਾ | 3614 | 723400 |
| 13 | ਮੋਗਾ | 4417 | 883200 |

| | | | |
|---|---|---|---|
| 14 | ਮੋਹਾਲੀ | 2779 | 555800 |
| 15 | ਮੁਕਤਸਰ | 3322 | 664400 |
| 16 | ਨਵਾਂਸ਼ਹਿਰ | 3270 | 653800 |
| 17 | ਪਟਿਆਲਾ | 5895 | 1178800 |
| 18 | ਰੂਪਨਗਰ | 3267 | 653400 |
| 19 | ਸੰਗਰੂਰ | 5870 | 1174000 |
| 20 | ਤਰਨਤਾਰਨ | 4599 | 919800 |
| | ਕੁੱਲ ਜੋੜ | **100000** | 20000000 |

3.0 ਉਕਤ ਅਨੁਸਾਰ ਰਾਸ਼ੀ ਜਾਰੀ ਕਰਦੇ ਹੋਏ ਸਮੂਹ ਜ਼ਿਲ੍ਹਾ ਸਿੱਖਿਅ ਅਫ਼ਸਰ (ਸੈ.ਸਿੱ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਰਾਸ਼ੀ ਤੁਰੰਤ ਸਕੂਲ-ਵਾਈਜ਼ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਜਾਰੀ ਕਰ ਦਿੱਤੀ ਜਾਵੇ।

4.0 ਇਸ ਵਿੱਦਿਅਕ ਟੂਰ ਲਈ ਪ੍ਰਤੀ ਵਿਦਿਆਰਥੀ ਮਨਜੂਰਸ਼ੁਦਾ 200/- ਰੁਪਏ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ, ਪ੍ਰੰਤੂ ਸਬੰਧਤ ਸਕੂਲ ਮੁੱਖੀ ਜਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਆਪਣੀ ਲੋੜ ਮੁਤਾਬਿਕ ਤਬਦੀਲੀ ਕਰ ਸਕਦੇ ਹਨ :

| ਲੜੀ ਨੰ: | ਕੰਪੋਨੈਂਟ | ਪ੍ਰਵਾਨਿਤ ਖਰਚਾ | ਵਿਸ਼ੇਸ਼ ਕਥਨ |
|---|---|---|---|
| i | ਟਰਾਂਸਪੋਰਟੇਸ਼ਨ ਅਤੇ ਵੇਖਣ ਯੋਗ ਸਥਾਨ ਦੇ ਦਾਖਲੇ ਲਈ ਟਿਕਟ (ਜੇਕਰ ਹੋਵੇ ਤਾਂ) ਦਾ ਖਰਚ | ਵੱਧ ਤੋਂ ਵੱਧ ਰੁ. 150/- ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ | ਜੇਕਰ ਕੋਈ ਰਾਸ਼ੀ ਬਕਾਇਆ ਬਚਦੀ ਹੈ ਤਾਂ ਇਸ ਨੂੰ ਵਿਦਿਆਰਥੀਆਂ ਦੀ ਰਿਫਰੈਸ਼ਮੈਂਟ ਵਿੱਚ ਅਨੁਕੂਲਿਤ ਵਾਧਾ ਕਰ ਦਿੱਤਾ ਜਾਵੇ। |
| ii | ਵਿਦਿਆਰਥੀਆਂ ਦੇ ਖਾਣੇ/ਰਿਫਰੈਸ਼ਮੈਂਟ ਦਾ ਖਰਚ | ਘੱਟੋ-ਘੱਟ ਰੁ.50/- ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ। | ਫੰਡਾਂ ਦੀ ਉਪਲਬਧਤਾ ਦੇ ਆਧਾਰ ਤੇ ਖਾਣਾ/ਰਿਫਰੈਸਮੈਂਟ ਦਾ ਖਰਚਾ ਲੋੜ ਅਨੁਸਾਰ ਵਧਾਇਆ ਜਾ ਸਕਦਾ ਹੈ। |

5.0 ਸੰਬੰਧਤ ਜ਼ਿਲ੍ਹੇ ਦੇ ਸਾਰੇ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਵੇਖਣ ਯੋਗ ਸਥਾਨਾਂ ਤੇ ਵਿੱਦਿਅਕ ਟੂਰ ਲੈ ਕੇ ਜਾਣ ਦੀ ਤਜਵੀਜ਼ ਹੇਠ ਲਿਖੇ ਅਨੁਸਾਰ ਸੁਝਾਈ ਜਾਂਦੀ ਹੈ:-

| ਲੜੀ ਨੰ | ਵਿੱਦਿਅਕ ਟੂਰ ਲਈ ਵੇਖਣਯੋਗ ਤਜਵੀਜਤ ਸਥਾਨ | ਜਿਲ੍ਹਾ | ਵਿਸ਼ੇਸ਼ ਕਥਨ |
|---|---|---|---|
| 2.1 | ਸਾਇੰਸ ਸਿਟੀ, ਕਪੂਰਥਲਾ | ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਕਪੂਰਥਲਾ ਅਤੇ ਤਰਨ ਤਾਰਨ | ਸਕੂਲ ਵੱਲੋਂ ਸਮੇਂ ਦੀ ਉਪਲਬਧਤਾ ਦੇ ਹਿਸਾਬ ਨਾਲ ਆਪਣੇ ਜਿਲੇ ਦੇ ਸਾਹਮਣੇ ਦਰਸਾਏ ਵੇਖਣਯੋਗ ਸਥਾਨਾਂ ਵਿਚੋਂ ਆਪਣੇ ਪੱਧਰ ਤੇ ਯੋਜਨਾਬੰਦੀ ਕਰਕੇ ਸੰਬੰਧਤ |
| 2.2 | (ੳ) ਥਰਮਲ ਪਲਾਂਟ, ਬਠਿੰਡਾ<br>(ਅ) ਨੈਸ਼ਨਲ ਫਰਟੀਲਾਈਜਰ ਕੰਪਨੀ, ਬਠਿੰਡਾ<br>(ੲ) ਗੁਰੁਦੁਆਰਾ ਸ਼੍ਰੀ ਦਮਦਮਾ ਸਾਹਿਬ | ਬਠਿੰਡਾ, ਬਰਨਾਲਾ, ਮਾਨਸਾ, ਮੁਕਤਸਰ | |
| 2.3 | (ੳ) ਰੌਕ ਗਾਰਡਨ ਚੰਡੀਗੜ੍ਹ<br>(ਅ) ਆਰਟ ਗੈਲਰੀ, ਸੈਕਟਰ - 10, ਚੰਡੀਗੜ੍ਹ<br>ਖਾਲਸਾ ਹੈਰੀਟੇਜ ਕੰਪਲੈਕਸ ਸ੍ਰੀ ਆਨੰਦਪੁਰ ਸਾਹਿਬ | ਰੋਪੜ, ਫਤਹਿਗੜ੍ਹ ਸਾਹਿਬ, ਪਟਿਆਲਾ, ਮੋਹਾਲੀ, ਸੰਗਰੂਰ | |

| | | | |
|---|---|---|---|
| | (ਸ) ਛੱਤਬੀੜ ਚਿੜੀਆਘਰ, ਬਨੂੜ | | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੋਂ ਪ੍ਰਵਾਨਗੀ ਲੈ ਲਈ ਜਾਵੇਗੀ। |
| 2.4 | (ੳ) ਜੱਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ<br>(ਅ) ਵਾਹਗਾ ਬਾਰਡਰ, ਅੰਮ੍ਰਿਤਸਰ<br>(ੲ) ਗੁਰੁਦੁਆਰਾ ਸ਼੍ਰੀ ਹਰਿਮੰਦਰ ਸਾਹਿਬ<br>(ਸ) ਸ਼੍ਰੀ ਦੁਰਗਿਆਨਾ ਮੰਦਿਰ | ਗੁਰਦਾਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਫਿਰੋਜਪੁਰ, ਫਰੀਦਕੋਟ, ਮੋਗਾ | |
| ਨੋਟ : | ਉਕਤ ਤੋਂ ਇਲਾਵਾ ਸਕੂਲਾਂ ਵਲੋਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਸਹਿਮਤੀ ਅਨੁਸਾਰ ਕਿਸੇ ਹੋਰ ਵਿਸ਼ੇਸ਼ ਵੇਖਣਯੋਗ ਸਥਾਨ ਜਿਵੇਂ ਕਿ ਭਾਖੜਾ ਨੰਗਲ ਡੈਮ, ਕੋਈ ਇੰਡਸਟਰੀ ਵਿਖੇ ਵੀ ਲਿਜਾਇਆ ਜਾ ਸਕਦਾ ਹੈ ਪਰੰਤੂ ਇਸ ਦੀ ਪ੍ਰਵਾਨਗੀ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੋਂ ਲਈ ਜਾਣੀ ਜ਼ਰੂਰੀ ਹੈ। | | |

6.0 ਸਕੂਲੀ ਵਿਦਿਆਰਥੀਆਂ ਨੂੰ ਵਿੱਦਿਅਕ ਟੂਰ ਤੇ ਲੈ ਕੇ ਜਾਣ ਲਈ ਮਿਤੀਆਂ 15 ਨਵੰਬਰ 2012 ਤੋਂ 15 ਦਸੰਬਰ 2012 ਤੱਕ ਨਿਰਧਾਰਤ ਕੀਤੀਆਂ ਜਾਣ।

7.0 ਸਕੂਲਾਂ ਵੱਲੋਂ ਲੋੜੀਂਦੀ ਯੋਜਨਾਬੰਦੀ ਕਰਕੇ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨੂੰ ਮਿਤੀ 12.11.2012 ਤੱਕ ਭੇਜ ਕੇ ਪ੍ਰਵਾਨਗੀ ਲਈ ਜਾਵੇਗੀ।

8.0 ਇਸ ਪੱਤਰ ਰਾਹੀਂ ਸਪੱਸ਼ਟ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦਾ ਟੂਰ ਲੈ ਕੇ ਜਾਣ ਵੇਲੇ ਹੇਠ ਲਿਖੇ ਅਨੁਸਾਰ ਹੀ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਨਾਲ ਜਾਣ ਦੀ ਪ੍ਰਵਾਨਗੀ ਦਿੱਤੀ ਜਾਵੇ :

| ਵਿਦਿਆਰਥੀਆਂ ਦੀ ਗਿਣਤੀ | ਅਧਿਆਪਕਾਂ ਦੀ ਗਿਣਤੀ |
|---|---|
| 25 ਤੱਕ | 01 |
| 25 ਤੋਂ 70 ਤੱਕ | 02 |
| 70 ਤੋਂ ਵੱਧ | 03 |

9.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਪਿੱਠ ਅੰਕਣ ਨੰ: ਏ.ਐਸ.ਪੀ.ਡੀ/ਰਮਸਅ/2012/R006੫੧੫ ਮਿਤੀ ਚੰਡੀਗੜ੍ਹ 06-11-2012

ਇਸ ਦਾ ਉਤਾਰਾ

ਡੀ.ਐਮ. (ਐਮ.ਆਈ.ਐਸ) ਨੂੰ ਵੈੱਬਸਾਈਟ 'ਤੇ ਪਾਉਣ ਸਬੰਧੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ